ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ) ਪੰਜਾਬ।

(ਅਮਲਾ-1 ਸ਼ਾਖਾ)

ਵੱਲ,

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),
ਸ਼ਹੀਦ ਭਗਤ ਸਿੰਘ ਨਗਰ, ,ਜਲੰਧਰ,
ਅੰਮ੍ਰਿਤਸਰ, ਮੋਗਾ, ਬਠਿੰਡਾ, ਫਰੀਦਕੋਟ।

ਈ-ਮੇਲ ਰਾਂਹੀਂ/ਤੁਰੰਤ /ਅਤਿ ਜਰੂਰੀ/ਕੋਰਟ ਕੇਸ/ ਮਿਤੀਬਧ

ਮੀਮੋ ਨੰ: ਈ- 807319 ਅ- 1(5)/ 202561929-935
ਮਿਤੀ, ਐਸ.ਏ.ਐਸ.ਨਗਰ 06.03.2025

ਵਿਸ਼ਾ: ਸਿਵਲ ਰਿੱਟ ਨੰ: 23926/2011 - ਸ੍ਰੀ ਰਾਮ ਦਾਸ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਦਫਤਰ ਦੇ ਪੱਤਰ ਨੰ: ਈ- 807319 ਅ-1(5)/2024322949-959 ਮਿਤੀ 17-12-2024 ਦੇ ਹਵਾਲੇ ਵਿੱਚ ।

ਹਵਾਲਾ ਅਧੀਨ ਪੱਤਰ ਰਾਂਹੀ ਆਪ ਨੂੰ ਮਾਣਯੋਗ ਕੋਰਟ ਵਲੋਂ ਪਾਸ ਕੀਤੇ ਹੁਕਮਾਂ ਦੀ ਕਾਪੀ ਭੇਜ ਕੇ ਹਦਾਇਤ ਕੀਤੀ ਗਈ ਸੀ ਕਿ ਮਾਣਯੋਗ ਕੋਰਟ ਦੇ ਫੈਸਲੇ ਦੀ ਪਾਲਣਾ ਕਰਦੇ ਹੋਏ ਪਟੀਸ਼ਨਰਾਂ ਦਾ ਕਲੇਮ ਵਿਭਾਗ ਵਲੋਂ ਜਾਰੀ ਹਦਾਇਤਾਂ ਮਿਤੀ 23-03-1957 ਨੂੰ ਵਿਚਾਰਦੇ ਹੋਏ ਜਿਨ੍ਹਾਂ ਪਟੀਸ਼ਨਰਾ ਦੀ ਉਚੇਰੀ ਸਿੱਖਿਆ ਦੀ ਡਿਗਰੀ ਮਿਤੀ 19-02-1979 ਦੀ ਹੈ ਅਤੇ ਉਨ੍ਹਾਂ ਦੀ ਰੈਗੂਲਰ ਸੇਵਾ ਮਿਤੀ 19-02-1979 ਤੋ ਪਹਿਲਾਂ ਦੀ ਹੈ, ਨੂੰ ਬਣਦੇ ਲਾਭ ਜਾਰੀ ਕੀਤੇ ਜਾਣ ਅਤੇ ਕੰਪਲਾਇੰਸ ਰਿਪੋਰਟ ਮੁੱਖ ਦਫਤਰ ਨੂੰ ਮਿਤੀ 31-12-2024 ਤੱਕ ਭੇਜਣੀ ਯਕੀਨੀ ਬਣਾਈ ਜਾਵੇ ਪ੍ਰੰਤੂ ਆਪ ਵਲੋਂ ਅਜੇ ਤੱਕ ਕੋਈ ਕਾਰਵਾਈ ਰਿਪੋਰਟ ਨਹੀਂ ਭੇਜੀ ਗਈ। ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਇਸ ਕੇਸ ਸਬੰਧੀ ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਮਿਤੀ 16-03-2025 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਟਰ (ਸ.ਪ੍ਰ-1)

ਪਿੱਠ ਅੰਕਣ ਨੰ: ਉਕਤ 202561929-935 ਮਿਤੀ 06.03.2025

ਉਤਾਰਾ ਡਾਇਰੈਕਟਰ ਸਕੂਲ ਸਿੱਖਿਆ (ਐਲਿ) ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਪਟੀਸ਼ਨਰਾਂ ਸਬੰਧੀ ਕਾਰਵਾਈ ਆਪਣੇ ਪੱਧਰ ਤੇ ਕੀਤੀ ਜਾਵੇ। (ਈ-ਮੇਲ ਰਾਂਹੀਂ)

ਸਹਾਇਕ ਡਾਇਰੈਟਰ (ਸ.ਪ੍ਰ-1)

ਦਫਤਰ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1/1( )2025/ 721 ਮਿਤੀ 13.03.2025

ਉਪਰੋਕਤ ਦਾ ਉਤਾਰਾ ਜਿਲਾ ਬਠਿੰਡਾ ਦੇ ਸੰਬਧਤ ਸਕੂਲ ਮੁਖੀਆਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਕਰਦੇ ਹੋਏ ਵਿਸ਼ਾ ਅੰਕਤ ਰਿਟ ਸੰਬਧੀ ਕੀਤੀ ਗਈ ਕਾਰਵਾਈ ਸੰਬਧੀ ਰਿਪੋਰਟ ਇਸ ਦਫਤਰ ਨੂੰ ਮਿਤੀ 17.3.2025 ਤੱਕ ਭੇਜੀ ਜਾਵੇ ਤਾਂ ਜ਼ੋ ਕੰਪਲਾਇੰਸ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾ ਸਕੇ।

13/03/25

ਉਪ- ਜਿਲ੍ਹਾ ਸਿੱਖਿਆ ਅਫ਼ਸਰ (ਸੈ ਸਿ)
ਬਠਿੰਡਾ